**International Journal of Multidisciplinary Research and Development**
**Online ISSN: 2349-4182, Print ISSN: 2349-5979, Impact Factor: RJIF 5.72**
**www.allsubjectjournal.com**
**Volume 3; Issue 6; June 2016; Page No. 374-378**

# ਹਰਭਜਨ ਹਲਵਾਰਵੀ ਦੀ ਕਵਿਤਾ ਦਾ ਪਿਛੋਕੜ ਪੰਜਾਬੀ ਕਵਿਤਾ ਦੇ ਖੇਤਰ ਵਿਚ

**ਜਸਦੀਪ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**ਸਾਰੰਸ**
ਹਰਭਜਨ ਹਲਵਾਰਵੀ ਸਮੁੱਚੀ ਜੁਝਾਰ ਕਾਵਿ-ਧਾਰਾ ਵਿਚ ਆਪਣੀ ਕਾਵਿ-ਸੰਵੇਦਨਾ ਕਾਰਨ ਆਪਣਾ ਵਿਲੱਖਣ ਸਥਾਨ ਰੱਖਦਾ ਹੈ। ਹਲਵਾਰਵੀ ਮਾਰਕਸਵਾਦੀ ਵਿਚਾਰਧਾਰਾ ਪ੍ਰਤੀ ਪ੍ਰਤੀਬੱਧ ਹੋਣ ਕਰ ਕੇ ਅਤੇ ਇਸ ਦੇ ਗਿਆਨ ਕਾਰਣ ਹਰ ਇਕ ਵਰਤਾਰੇ ਨੂੰ ਵਿਆਕਰਨਿਕ ਦ੍ਰਿਸ਼ਟੀ ਤੋਂ ਵੇਖਦਾ ਹੈ। ਜਿੱਥੇ ਉਸ ਨੇ ਪੇਂਡੂ ਮੱਧ-ਸ਼੍ਰੇਣੀ ਦਾ ਤ੍ਰਾਸਦਿਕ ਯਥਾਰਥ ਚਿਤਰਿਆ ਹੈ, ਉੱਥੇ ਨਾਲ ਹੀ ਸ਼ਹਿਰੀ ਜੀਵਣ ਦਾ ਯਥਾਰਥ ਪੇਸ਼ ਕੀਤਾ ਹੈ। ਦੂਜੇ ਪਾਸੇ, ਸਮੁੱਚੀ ਜੁਝਾਰ ਕਾਵਿ-ਧਾਰਾ ਵਿਚ ਜੀਵਨ ਨੂੰ ਸਮੁੱਚਤਾ ਵਿਚ ਪੇਸ਼ ਕਰਨ ਦੀ ਵੱਡੀ ਘਾਨ ਰਹੀ ਹੈ। ਹਲਵਾਰਵੀ ਦੀ ਕਵਿਤਾ ਵਿਚ ਪੇਸ਼ ਸੰਸਾਰ ਅਤੇ ਜੀਵਨ ਦ੍ਰਿਸ਼ਟੀਕੋਣ ਵਿਗਿਆਨਕ ਹੋਣ ਕਰਕੇ ਇਹ ਇਸ ਦੀ ਇਕ ਮੁੱਲਵਾਨ ਪ੍ਰਾਪਤੀ ਹੈ। ਜਿੱਥੇ ਹਲਵਾਰਵੀ ਨਕਸਲਬਾੜੀ ਲਹਿਰ ਨਾਲ ਸੰਬੰਧਿਤ ਰਿਹਾ ਹੈ, ਉੱਥੇ ਨਾਲ ਹੀ ਸਿਰਜਣਾ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ। ਹਲਵਾਰਵੀ ਦੀ ਕਵਿਤਾ ਵਿਚ ਜਿਹੜਾ 'ਰੋਹ' ਅਤੇ 'ਵਿਦਰੋਹ' ਦਾ ਪੈਂਤੜਾ ਪੈਦਾ ਹੋਇਆ ਹੈ, ਉਹ ਕਿਰਤੀ ਸ਼੍ਰੇਣੀ ਨੂੰ ਆਪਣੇ ਹੱਕ ਖੋਹ ਲੈਣ ਲਈ ਹੀ ਹੋਇਆ ਹੈ, ਨਾ ਕਿ ਕਿਸੇ 'ਨਾਹਰੇ' ਜਾਂ 'ਪ੍ਰਚਾਰ' ਵਜੋਂ। ਇਸ ਕਰਕੇ ਹਲਵਾਰਵੀ ਦੀ ਕਵਿਤਾ 'ਨਾਹਰੇ' ਦੇ ਦੋਸ਼ ਤੋਂ ਬਚੀ ਹੋਈ ਨਜਰ ਆਉਂਦੀ ਹੈ। ਮਨੁੱਖੀ ਕਦਰਾਂ-ਕੀਮਤਾਂ ਨੂੰ ਧਿਆਨ ਵਿਚ ਰਖਦਿਆਂ ਹਲਵਾਰਵੀ ਸੁਚੇਤ ਤੌਰ ਤੇ ਉਸ ਕਾਵਿ ਦਾ ਵੀ ਵਿਰੋਧ ਕਰਦਾ ਹੈ, ਜਿਹੜਾ ਸਮਾਜਿਕ ਦੁੱਖਾਂ-ਸੁੱਖਾਂ ਤੋਂ ਲਾਂਭੇ ਹੋ ਕੇ ਲੋਟੂ-ਸ਼੍ਰੇਣੀ ਦੀ ਸੇਵਾ ਕਰਦਾ ਹੋਵੇ। ਉਸ ਨੇ ਹਰ ਪੱਧਰ ਉੱਤੇ ਅਜਿਹੇ ਕਾਵਿ ਅਤੇ ਕਲਾਕਾਰ ਦਾ ਨਿਖੇਪ ਕੀਤਾ ਹੈ। ਉਸ ਦੀ ਕਾਵਿ-ਰਚਨਾ ਪ੍ਰਗਤੀਵਾਦੀ ਸੁਰ ਵਾਲੀ ਹੋਣ ਕਰਕੇ ਉਸ ਨੇ ਹਮੇਸ਼ਾ ਹੀ ਆਪਣੀ 'ਕਲਮ' ਨਿਮਾਣਿਆਂ - ਨਿਤਾਣਿਆਂ ਦੇ ਨਾਂ ਕੀਤੀ ਹੈ। ਏਹੀ ਪੱਖ ਉਸ ਦੇ ਮਾਨਵਵਾਦੀ ਹੋਣ ਦਾ ਸਬੂਤ ਦੇਂਦਾ ਹੈ। ਹਲਵਾਰਵੀ ਦੀ ਦੇਣ ਇਸ ਪੱਖੋਂ ਵੀ ਮਹਾਨ ਹੈ ਕਿ ਜਿਥੇ ਉਸ ਨੇ ਨਿੱਕੇ ਤੋਂ ਨਿੱਕੇ ਵਰਤਾਰੇ ਨੂੰ ਵੀ ਆਪਣੀ ਕਾਵਿ-ਰਚਨਾ ਦਾ ਵਿਸ਼ਾ ਬਣਾਇਆ ਹੈ, ਉੱਥੇ ਨਾਲ ਹੀ ਕਈ ਵੱਖ-ਵੱਖ ਕਲਾ ਜੁਗਤਾਂ ਦਾ ਪ੍ਰਯੋਗ ਕਰਦਾ ਵੀ ਪ੍ਰਤੀਤ ਹੁੰਦਾ ਹੈ। ਹਲਵਾਰਵੀ ਦੀ ਦੇਣ ਇਸ ਪੱਖੋਂ ਵੀ ਬਹੁਤ ਵੱਡੀ ਹੈ ਕਿ ਉਸ ਨੇ ਕਵਿਤਾ ਤੋਂ ਇਲਾਵਾ ਸਫ਼ਰਨਾਮਾ ਸਾਹਿਤ ਅਤੇ ਪੰਜਾਬੀ ਪੱਤਰਕਾਰੀ ਵਿਚ ਵੀ ਆਪਣਾ ਮਹੱਤਵਪੂਰਨ ਸਥਾਨ ਬਣਾ ਲਿਆ ਹੈ। ਇਹ ਠੀਕ ਹੈ ਕਿ ਹਰਭਜਨ ਹਲਵਾਰਵੀ ਦੀ ਕਵਿਤਾ ਭਾਵੇਂ ਆਮ ਲੋਕਾਂ ਦੇ ਮੂੰਹ ਤੇ ਨਹੀਂ ਚੜੀ, ਜਿਵੇਂ ਕਿ ਪਾਸ਼ ਅਤੇ ਸੰਤ ਰਾਮ ਉਦਾਸੀ ਦੇ ਗੀਤ, ਪਰ ਫਿਰ ਵੀ ਉਸ ਦੀ ਕਵਿਤਾ ਵਿਚ ਹਵਾਲੇ ਬਣ ਸਕਣ ਦੀ ਸ਼ਕਤੀ ਹੈ।

**ਮੁ:ਖ ਸਬਦ :** ਰਹੱਸਵਾਦੀ, ਸੁਧਾਰਵਾਦੀ, ਰੋਮਾਂਸਵਾਦੀ, ਪ੍ਰਗਤੀਵਾਦੀ, ਪ੍ਰਯੋਗਸ਼ੀਲ/ਆਧੁਨਿਕ ਕਾਵਿਧਾਰਾ, ਜੁਝਾਰੂ ਕਾਵਿਧਾਰਾ ਆਦਿ।

ਪੰਜਾਬੀ ਹਮੇਸ਼ਾ ਹੀ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਗਠਿਤ ਅਤੇ ਸ਼ੋਸ਼ਨਕਾਰੀ/ਦਮਨਕਾਰੀ ਪਰਿਸਥਿਤਿਆਂ ਪ੍ਰਤੀ ਰੋਹ, ਤਲਖੀ ਅਤੇ **ਨਫ਼ਰਤ** ਦਾ ਵਤੀਰਾ ਇਖਤਿਆਰ ਕਰਦੀ ਰਹੀ ਹੈ। ਗੱਲ ਭਾਵੇਂ ਧਾਰਮਿਕ ਮੁਹਾਵਰੇ ਵਿਚ ਹੀ ਕਿਉਂ ਨਾ ਕਹੀ ਗਈ ਹੋਵੇ, ਪਰ ਫਿਰ ਵੀ ਲੁੱਟੀ ਜਾਂਦੀ ਸ਼੍ਰੇਣੀ ਪ੍ਰਤੀ ਲੋਟੂ ਸ਼੍ਰੇਣੀ ਦਾ ਕਿਰਦਾਰ ਜਿਹੜਾ ਸਾਡੇ ਕਵੀਆਂ ਨੇ ਨੰਗੇ-ਚਿੱਟੇ ਰੂਪ ਵਿਚ ਸਾਹਮਣੇ ਲਿਆਂਦਾ ਹੈ, ਇਤਿਹਾਸ ਇਸ ਤੋਂ ਬੇਮੁੱਖ ਨਹੀ ਹੋ ਸਕਦਾ। ਬਾਬਾ ਫਰੀਦ ਤੋਂ ਲੈ ਕੇ ਹੁਣ ਤਕ ਦੇ ਆਧੁਨਿਕ ਕਵੀਆਂ ਦੀ ਇਕ ਲੰਮੀ ਕਤਾਰ ਸਾਹਿਤਕ ਵਿਰਸੇ ਵਿਚ ਸਾਡੇ ਸਾਹਮਣੇ ਖੜੀ ਨਜ਼ਰ ਆਉਂਦੀ ਹੈ। ਇਨ੍ਹਾਂ ਕਵੀਆਂ ਨੇ ਹਮੇਸ਼ਾ ਹੀ ਨਿਧੜਕ ਅਤੇ ਨਿੱਝਕ ਹੋ ਕੇ ਲੋਟੂ ਸ਼੍ਰੇਣੀ ਦਾ ਬੜੀ ਚੰਗੀ ਤਰਾਂ ਪਰਦਾਫਾਸ਼ ਕੀਤਾ ਹੈ ਅਤੇ ਬੜੀ ਦਲੇਰੀ ਨਾਲ ਇਨ੍ਹਾਂ ਕਵੀਆਂ ਨੇ ਨਿਮਾਣਿਆਂ-ਨਿਤਾਣਿਆਂ ਦੇ ਹੋ ਕੇ ਇਸ ਲੋਟੂ ਸ਼੍ਰੇਣੀ ਨਾਲ ਕਰੜੇ ਹੱਥੀਂ ਨਿਪਟਣ ਦਾ ਯਤਨ ਕੀਤਾ ਹੈ। ਗ਼ੁਲਾਮਦਾਰੀ ਅਤੇ ਸਾਮੰਤਵਾਦੀ ਕਦਰਾਂਕੀਮਤਾਂ ਅਨੁਸਾਰ ਭੋਲੇ ਭਾਲੇ ਲੋਕਾਂ ਦੁਆਰਾ ਇਨ੍ਹਾਂ ਰਾਜਿਆਂ ਮਹਾਰਾਜਿਆਂ ਅਤੇ ਇਸ ਲੋਟੂ ਸ਼੍ਰੇਣੀ ਨੂੰ ਹਮੇਸ਼ਾਂ ਰੱਬ ਦਾ ਦੂਜਾ ਰੂਪ ਸਮਝ ਕੇ ਭਰਮ ਪਾਲਣਾ ਅਤੇ ਇਨ੍ਹਾਂ ਦੁਆਰਾ ਕੀਤੇ ਜਾਂਦੇ ਜਬਰ ਨੂੰ ਰੱਬ ਦੀ ਦਿੱਤੀ ਦਾਤ ਸਮਝ ਕੇ ਸਹਿਣ ਕਰਨਾ, ਸਾਡੇ ਲੋਕਾਂ ਦੀ ਹੁਣ ਤਕ ਦੀ ਇਕ ਬੜੀ ਵੱਡੀ ਭੁੱਲ ਰਹੀ ਹੈ। ਪਰ ਇਹ ਸਮਾਂ ਹੀ ਜਾਣਦਾ ਹੈ ਕਿ ਇਹ ਜਬਰ ਦਾ ਦੌਰ ਕਿੰਨਾ ਕੁ ਚਿਰ ਆਪਣੀ ਸਰਦਾਰੀ ਕਾਇਮ ਰੱਖ ਸਕਦਾ ਹੈ। ਹੱਕ ਮੰਗੇ ਨਹੀਂ ਜਾਂਦੇ, ਖੋਹੇ ਜਾਂਦੇ ਹਨ। ਅੰਤ ਨੂੰ ਜਿੱਤ ਤਾਂ ਕਿਰਤੀ ਲੋਕਾਂ ਦੀ ਹੀ ਹੁੰਦੀ ਹੈ। ਜਾਬਰ ਅਤੇ ਲੋਟੂ ਸ਼੍ਰੇਣੀ ਦੇ ਵਿਰੋਧ ਵਿਚ 'ਕਲਮ' ਅਤੇ 'ਬੰਦੂਕ' ਦੇ ਯੋਧੇ ਰਣ ਖੇਤਰ ਵਿਚ ਕੁੱਦਦੇ ਹਨ ਅਤੇ ਆਪਣੇ ਲੋਕਾਂ ਉੱਤੇ ਹੁੰਦੇ ਜਬਰ ਨੂੰ ਸਹਿਣ ਨਾ ਕਰ ਸਕਦੇ ਹੋਏ ਸਥਾਪਤੀ ਨੂੰ ਇਸ ਦੀ ਬਣਦੀ ਭਾਜੀ ਮੋੜਦੇ ਹਨ। ਆਮ ਕਿਹਾ ਜਾਂਦਾ ਹੈ ਕਿ 'ਕਲਮ' ਦੀ ਮਾਰ ਸਭ ਤੋਂ ਭੈੜੀ ਹੁੰਦੀ ਹੈ।"ਹਥਿਆਰ ਜਿਨ੍ਹਾਂ ਦੀ ਇਕ ਵਾਰ ਦੀ ਲੋੜ ਪਵੇਗੀ, ਜ਼ਿੰਦਗੀ ਭਰ ਚੁੱਕਣੇ ਪੈਂਦੇ ਨੇ। ਕਵਿਤਾ ਜੋ ਜੀਵਨ ਭਰ ਦੁਹਰਾਈ ਜਾਵੇਗੀ, ਇਕ ਵਾਰੀ ਵਿਚ ਲਿੱਖੀ ਜਾਂਦੀ ਏ।"[1] ਅਜਿਹਾ ਹੀ ਵੀਹਵੀਂ ਸਦੀ ਦੇ ਸੱਤਰ੍ਹਵਿਆਂ ਦੇ ਦਹਾਕੇ ਵਿਚ ਲਗਪਗ ਪੰਜਾਬੀ ਕਵਿਤਾ ਦੇ ਖੇਤਰ ਵਿਚ ਵਾਪਰਿਆ ਹੈ। 1970

ਦੇ ਕਰੀਬ ਆਧੁਨਿਕ ਪੰਜਾਬੀ ਕਾਵਿ ਖੇਤਰ ਵਿਚ ਇਕ ਅਜਿਹੀ ਕਾਵਿ ਪ੍ਰਵਿਰਤੀ ਹੋਂਦ ਵਿਚ ਆਉਂਦੀ ਹੈ, ਜਿਸ ਨੂੰ ਜੁਝਾਰ ਕਾਵਿਧਾਰਾ ਦਾ ਨਾਮ ਦਿੱਤਾ ਗਿਆ ਹੈ। ਇਹ ਧਾਰਾ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋਣ ਕਰਕੇ ਇਸ ਲਹਿਰ ਦੇ ਨਾਲ ਹੀ ਦਮ ਤੋੜ ਗਈ। ਜੁਝਾਰ ਕਾਵਿਧਾਰਾ ਦੇ ਬਹੁਤੇ ਸਾਰੇ ਕਵੀ ਇਸ ਲਹਿਰ ਨਾਲ ਸੰਬੰਧਿਤ ਵੀ ਰਹੇ ਅਤੇ ਆਪਣੀ ਚੇਤਨਬੁੱਧੀ ਅਨੁਸਾਰ ਉਨ੍ਹਾਂ ਨੇ ਕਾਵਿ-ਸਿਰਜਣਾ ਦੇ ਖੇਤਰ ਵਿਚ ਵੀ ਬਹੁਤ ਵੱਡੀ ਭੂਮਿਕਾ ਨਿਭਾਈ। ਇਨ੍ਹਾਂ ਕਵੀਆਂ ਨੇ ਆਪਣੀ ਦਹਿਸ਼ਤੀ ਵਿਸਫੋਟ ਕੀਤਾ ਹੈ ਕਿ ਆਖਰ ਨੂੰ ਸਰਕਾਰ ਨੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈ ਕੇ, ਇਸ ਵਿਰੁੱਧ ਗੋਲੀ ਦਾ ਵਤੀਰਾ ਹੀ ਅਪਣਾਇਆ, ਜਿਹੜਾ ਕਿ ਮਨੁੱਖੀ ਜੀਵਨ ਉੱਤੇ ਜਬਰ ਦਾ ਸਿੱਧਾ ਪ੍ਰਮਾਣ ਸੀ। ਭਾਵੇਂ ਇਸ ਲਹਿਰ ਨੂੰ ਦਬਾ ਦਿੱਤਾ ਗਿਆ, ਪਰ ਇਸ ਲਹਿਰ ਤੋਂ ਪ੍ਰਭਾਵਿਤ ਅਤੇ ਇਸ ਦੀ ਸਿਆਸੀ ਸੂਝ ਕਾਰਣ ਅਜੇ ਵੀ ਬਹੁਤ ਸਾਰੇ ਕਵੀ ਆਪਣਾ ਯੋਗਦਾਨ ਕਾਵਿ-ਸਿਰਜਣਾ ਦੇ ਖੇਤਰ ਵਿਚ ਪਾ ਰਹੇ ਹਨ। ਇਨ੍ਹਾਂ ਕਵੀਆਂ ਦੀ ਕਵਿਤਾ ਭਾਵੇਂ ਹੁਣ ਜੁਝਾਰੂ ਪੱਖ ਦੀ ਨਹੀਂ ਪਰ ਪ੍ਰਗਤੀਵਾਦੀ ਵਿਚਾਰਧਾਰਾ ਦੀ ਹੋਣ ਕਰਕੇ ਪੰਜਾਬੀ ਸਾਹਿਤ ਵਿਚ ਲੋਕ ਜਾਗਰੂਕਤਾ ਪ੍ਰਤੀ ਇਸਦਾ ਯੋਗਦਾਨ ਬਹੁਤ ਮਹੱਤਤਾ ਵਾਲਾ ਹੈ ਅਤੇ ਜੁਝਾਰ ਕਵਿਤਾ ਦੀ ਇਕ ਮਹਾਨ ਪ੍ਰਾਪਤੀ ਵੀ ਹੈ।

ਵੀਹਵੀਂ ਸਦੀ ਦੇ ਆਰੰਭ ਤੋਂ ਲੈ ਕੇ ਹੁਣ ਤਕ ਜਿੰਨੀਆਂ ਵੀ ਕਾਵਿ-ਪ੍ਰਵਿਰਤੀਆਂ ਰਹੱਸਵਾਦੀ, ਸੁਧਾਰਵਾਦੀ, ਰੋਮਾਂਸਵਾਦੀ, ਪ੍ਰਗਤੀਵਾਦੀ, ਪ੍ਰਯੋਗਸ਼ੀਲ/ਆਧੁਨਿਕ ਕਾਵਿਧਾਰਾ, ਜੁਝਾਰੂ ਕਾਵਿਧਾਰਾ ਆਦਿ ਪੈਦਾ ਹੋਈਆਂ ਹਨ। ਉਨ੍ਹਾਂ ਵਿੱਚੋਂ ਜੁਝਾਰ ਕਾਵਿਧਾਰਾ ਦੀ ਆਪਣੀ ਵਿਲੱਖਣਤਾ ਹੈ। ਇਹ ਇੱਕੋ ਇਕ ਅਜਿਹੀ ਕਾਵਿਧਾਰਾ ਹੈ, ਜਿਸ ਨੇ ਪੇਂਡੂ ਜੀਵਨ ਦੇ ਤ੍ਰਾਸਦਿਕ ਯਥਾਰਥ ਨੂੰ ਚਿਤਰਣ ਵਿਚ ਸਭ ਤੋਂ ਅਹਿਮ ਰੋਲ ਅਦਾ ਕੀਤਾ ਹੈ।

ਜੁਝਾਰ ਕਾਵਿਧਾਰਾ ਕਿਸੇ ਸੀਰੀ ਦੇ ਦੁੱਖ ਦਾ ਦਾਰੂ, ਬਾਬਲ ਦੀ ਘੱਟ ਜ਼ਮੀਨ ਦੇ ਮਾਰੇ ਗਏ ਪਛਤਾਵੇ ਦੇ ਸਰਮਾਇਆ, ਰੀੜ੍ਹ ਰਹਿਤ ਮਨੁੱਖ ਦੀ ਰੀੜ੍ਹ ਦੀ ਹੱਡੀ, ਜੱਟ ਤੇ ਸੀਰੀ ਦੀ ਆਪਸੀ ਭਾਈਚਾਰਕ ਸਾਂਝ, ਸ਼੍ਰੇਣੀਗਤ ਸਮਾਜ ਤੋਂ ਉਪਰ ਉਠ ਕੇ ਸ਼੍ਰੇਣੀ ਰਹਿਤ ਸਮਾਜ ਦੀ ਸਿਰਜਣਾ ਲਈ ਤਤਪਰ ਹੈ। ਇਹ ਧਾਰਾ ਬੁਰਜੁਆ ਕਦਰਾਂ-ਕੀਮਤਾਂ ਨਾਲ ਲੋਹਾ ਲੈਣ ਲਈ ਰੋਹ ਅਤੇ ਵਿਦਰੋਹ ਵਜੋਂ ਉਪਜੀ ਹੈ। ਸ਼ੋਸ਼ਨਕਾਰੀ/ਦਮਨਕਾਰੀ ਪਰਿਸਥਿਤਿਆਂ ਨੂੰ ਇਹ ਆਪਣਾ ਇੱਕੋ ਇਕ ਵਿਰੋਧੀ ਦੁਸ਼ਮਣ ਸਮਝ ਕੇ ਇਨ੍ਹਾਂ ਨੂੰ ਹਮੇਸ਼ਾ ਕਰੜੇ ਹੱਥੀਂ ਲੈਂਦੀ ਰਹੀ ਹੈ। “ਰੁਮਾਂਟਿਕ-ਪ੍ਰਗਤੀਵਾਦੀ ਅਤੇ ਪ੍ਰਯੋਗਵਾਦੀ ਕਵਿਤਾ ਤੋਂ ਸੁਚੇਤ ਵਿਦਰੋਹ ਵਜੋਂ ਉਪਜੀ ਜੁਝਾਰ ਵਿਦਰੋਹੀ ਕਵਿਤਾ ਸ਼ੁੱਧ ਸਾਹਿਤਕ ਲਹਿਰ ਨਹੀਂ ਸੀ, ਕਲਾ ਅਤੇ ਰਾਜਨੀਤੀ ਦੋਵੇਂ ਇਸ ਦੇ ਮੂਲ ਸਰੋਕਾਰ ਹਨ”[2] ਪਰ ਕਈ ਵਿਦਵਾਨ ਆਲੋਚਕ ਜਜ਼ਬਾਤੀ ਦ੍ਰਿਸ਼ਟੀਕੋਣ ਤੋਂ ਹੀ ਇਸ ਦਾ ਮੁੱਲਾਂਕਣ ਕਰਨ ਲੱਗ ਪੈਂਦੇ ਹਨ, ਅਤੇ ਹੁਣ ਤੱਕ ਦੀ ਸਾਰੀ ਕਵਿਤਾ ਤੇ ਹੀ ਲੀਕ ਫੇਰ ਦੇਂਦੇ ਹਨ। ਸੁਰਿੰਦਰ ਸਿੰਘ ਅਨੁਸਾਰ: “...ਪੰਜਾਬੀ ਕਵਿਤਾ ਵਿਚ ਕਾਮਿਆ-ਮਜਦੂਰਾਂ ਦੀਆਂ ਮੱਲਾਂ ਤਾਂ ਬਹੁਤ ਪੁਰਾਣੀ ਗੱਲ ਹੈ, ਪਰ ਕਾਮਿਆਂ-ਮਜ਼ਦੂਰਾਂ ਦੇ ਦ੍ਰਿਸ਼ਟੀਕੋਣ ਤੋਂ ਗੱਲਾਂ ਪਹਿਲੀ ਵਾਰ ਹੋਣ ਲੱਗੀਆਂ। ਅਤੇ ਇਸ ਨਾਲ ਹੀ ਅਜੋਕੀ ਪੰਜਾਬੀ ਕਵਿਤਾ ਦਾ ਮੁੱਢ ਬੱਝੌ[3]।ਪ੍ਰੀਤਮ ਸਿੰਘ ਇਸ ਕਾਵਿਧਾਰਾ ਨੂੰ ਨਕਸਲਬਾੜੀ ਕਵੀਆਂ ਦਾ ਨਾਂ ਦੇਂਦਾ ਹੋਇਆ ਕਹਿੰਦਾ ਹੈ ਕਿ “ਨਕਸਲਬਾੜੀ ਕਵੀਆਂ ਨੇ ਇਨਕਲਾਬ ਪੈਦਾ ਕਰਨ ਦੇ ਜੋਸ਼ ਵਿਚ ਆਪਣੇ ਸਾਰੇ ਸਾਹਿਤਕ ਵਿਰਸੇ ਉੱਤੇ ਹੀ ਇਕ ਸਿਰੇ ਤੋਂ ਲੀਕ ਫੇਰ ਦਿੱਤੀ...”[4] ਇਸ ਧਾਰਾ ਪਿੱਛੇ ਸੁਚੇਤ ਜਾਂ ਅਚੇਤ ਰੂਪ ਵਿੱਚ ਇਸ ਦਾ ਪਦਾਰਥਵਾਦੀ ਦ੍ਰਿਸ਼ਟੀਕੋਣ ਹੀ ਕੰਮ ਕਰਦਾ ਹੈ, ਜਿਹੜਾ ਇਸ ਦੇ ਕਾਵਿ-ਸਿਧਾਂਤਾਂ ਨੂੰ ਨਿਰਧਾਰਿਤ ਕਰਦਾ ਹੈ।

ਜੁਝਾਰੂ ਕਾਵਿਧਾਰਾ ਦੇ ਉਦੈ ਕਾਲ ਤੋਂ ਲੈ ਕੇ ਚੜ੍ਹਤ ਦੇ ਸਮੇਂ (1968 ਤੋਂ 1975 ਈ.) ਤਕ ਸੁਖਬੀਰ, ਜਗਤਾਰ, ਹਰਭਜਨ ਹੁੰਦਲ, ਪਾਸ਼, ਦਰਸ਼ਨ ਹਲਵਾਰਵੀ, ਸੰਤ ਰਾਮ ਉਦਾਸੀ, ਗੁਰਦੀਪ ਗਰੇਵਾਲ, ਸੰਤ ਸੰਧੂ, ਸੀ. ਮਾਰਕੰਡਾ, ਜੋਗਾ ਸਿੰਘ, ਜੈਮਲ ਪੱਡਾ, ਲੋਕ ਨਾਥ, ਜੁਝਾਰ ਸਿੰਘ, ਫ਼ਤਹਿਜੀਤ, ਰਵਿੰਦਰ ਭੱਠਲ, ਸੁਰਿੰਦਰ ਗਿੱਲ, ਕਰਤਾਰ ਕੈਂਥ, ਜਸਵੰਤ ਖਟਕੜ, ਪ੍ਰੀਤਮ ਸਿੰਘ ਰਾਹੀ ਆਦਿ ਕਵੀ ਇਸ ਕਾਵਿ-ਧਾਰਾ ਨਾਲ ਸੰਬੰਧਿਤ ਰਹੇ। ਸਥਾਪਤੀ ਪ੍ਰਤੀ-ਅਵਿਸ਼ਵਾਸ਼, ਵਿਦਰੋਹੀ ਸੁਰ ਅਤੇ ਹਿੰਸਾ ਨੂੰ ਹਰ ਤਰਾਂ ਦੇ ਮਨੁੱਖੀ ਦਮਨ ਤੋਂ ਮੁਕਤੀ ਦਾ ਸਾਧਨ ਮੰਨਣ ਦੇ ਵਿਸ਼ਵਾਸ ਕਾਰਣ, ਮੋਹਨਜੀਤ, ਦੇਵ, ਤ੍ਰੈਲੋਚਨ ਆਦਿ ਦੀ ਕਵਿਤਾ ਨੂੰ ਵੀ ਇਸ ਕਾਵਿਧਾਰਾ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ। ਭਾਵੇਂ ਇੰਨ੍ਹਾਂ ਕਵੀਆਂ ਦਾ ਨਕਸਲਬਾੜੀ ਲਹਿਰ ਨਾਲ ਕੋਈ ਸਿੱਧਾ ਸਰੋਕਾਰ ਨਹੀਂ ਸੀ। ਕੋਈ ਵੀ ਵਰਤਾਰਾ ਆਪਣੇ ਆਪ ਵਿੱਚ ਸੁਤੰਤਰ ਹੋਂਦ ਨਹੀਂ ਗ੍ਰਹਿਣ ਕਰ ਸਕਦਾ, ਸਗੋਂ ਇਸ ਦੀ ਅਗਲੇ ਪਿਛਲੇ ਵਰਤਾਰੇ ਨਾਲ ਸਾਂਝ ਦਾ ਹੋਣਾ ਲਾਜ਼ਮੀ ਹੈ। ਏਸੇ ਕਰਕੇ ਕੇਸਰ ਸਿੰਘ ਕੇਸਰ ਅਤੇ ਸੁਤਿੰਦਰ ਸਿੰਘ ਨੂਰ ਜੁਝਾਰ ਕਾਵਿ-ਧਾਰਾ ਨੂੰ ਪ੍ਰਗਤੀਵਾਦ ਦੀ ਹੀ ਅਗਲੀ ਕੜੀ ਮੰਨਦੇ ਹਨ। ਕੇਸਰ ਸਿੰਘ ਅਨੁਸਾਰ ”ਇਹ ਕਵਿਤਾ ਪੁਰਾਣੇ ਪ੍ਰਗਤੀਵਾਦੀ ਕਾਵਿ-ਸਿਰਜਣ ਦਾ ਦੁਹਰਾਉ ਅਮਲ ਤੇ ਪ੍ਰਯੋਗਵਾਦੀ ਕਵਿਤਾ ਦੀ ਸ਼ਬਦ ਖੇਡ, ਦੋਹਾਂ ਲਈ ਚੁਣੌਤੀ ਸਿੱਧ ਹੋਈ। ਪੰਜਾਬੀ ਕਵਿਤਾ ਦੇ ਵਿਕਾਸ ਵਿਚ ਜੁਝਾਰ ਕਵਿਤਾ ਦਾ ਇਹ ਵੀ ਇਕ ਪ੍ਰਗਤੀਸ਼ਲੀ ਸਾਕਾਰਾਤਮਕ ਪੱਖ ਹੈ ਕਿ ਇਹ ਮੱਧ ਵਰਗੀ ਚਰਿਤ੍ਰ ਦੀ ਆਕ੍ਰਿਆਸ਼ੀਲਤਾ, ਸਮਝੋਤਾਵਾਦੀ ਰਾਜਨੀਤੀ ਅਤੇ ਅਰਥ ਵਿਹੂਣੀ ਸ਼ਬਦ ਰਚਨਾ ਨੂੰ ਨਕਾਰਦੀ ਹੈ। ਇਸੇ ਲਈ ਮੈਂ ਨਵੀਨ ਪ੍ਰਗਤੀਵਾਦੀ ਕਵਿਤਾ ਕਹਿੰਦਾ ਹਾਂ...।”[5] ਸੁਤਿੰਦਰ ਸਿੰਘ ਨੂਰ ਦਾ ਸ਼ਬਦਾਂ ਵਿਚ: ”ਜਿਸ ਕਵਿਤਾ ਨੂੰ ਨਕਸਲਬਾੜੀ ਜਾਂ ਕ੍ਰਾਂਤਾਕਾਰੀ ਕਵਿਤਾ ਕਿਹਾ ਗਿਆ ਹੈ, ਉਸ ਨੂੰ ਨਵ-ਪ੍ਰਗਤੀਵਾਦੀ ਕਵਿਤਾ ਕਿਹਾ ਗਿਆ ਹੈ, ਉਸ ਨੂੰ ਨਵ-ਪ੍ਰਗਤੀਵਾਦੀ ਕਵਿਤਾ ਕਹਿਣਾ ਵਧੇਰੇ ਯੋਗ ਹੈ, ਕਿਉਂਕਿ ਇਸ ਕਾਵਿਧਾਰਾ ਨਾਲ ਸੰਬੰਧਿਤ ਸਾਰੇ ਕਵੀ ਨਕਸਲਵਾਦੀ ਨਹੀਂ ਸਨ, ਪਰ ਕਾਵਿ ਵਿਚ ਪ੍ਰਗਤੀਵਾਦੀ ਸਿਧਾਂਤਾਂ ਨੂੰ ਮੰਨਣ ਵਾਲੇ ਜਰੂਰ ਸਨ...।”[6] ਪ੍ਰਮੁੱਖ ਵਿਦਵਾਨ ਆਲੋਚਕ ਰਵਿੰਦਰ ਸਿੰਘ ਰਵੀ ਜੁਝਾਰ ਕਾਵਿਧਾਰਾ ਨੂੰ 'ਇਤਿਹਾਸਕ ਚੇਤਨਾਮੁਖੀ' ਕਾਵਿ-ਧਾਰਾ ਦਾ ਨਾਮ ਦਿੰਦਾ ਹੈ। ਉਸ ਅਨੁਸਾਰ, ”...ਜੇ ਜੁਝਾਰ ਕਾਵਿ-ਧਾਰਾ ਦਾ ਡੂੰਘਾ ਅਤੇ ਗੰਭੀਰ ਅਧਿਐਨ ਕੀਤਾ ਜਾਵੇ ਤਾਂ ਇਸ ਦਾ ਪ੍ਰਮੁੱਖ ਪਛਾਣ-ਚਿੰਨ੍ਹ ਕੇਵਲ ਇਤਿਹਾਸਕ ਵੇਗ ਪ੍ਰਤੀ ਚੇਤਨਤਾ ਅਤੇ ਪ੍ਰਤਿਬੱਧਤਾ ਹੀ ਉਜਾਗਰ ਹੁੰਦਾ ਹੈ...।”[7] ਪਰ ਸਾਡੇ ਵਿਚਾਰ ਅਨੁਸਾਰ ਇਸ ਕਾਵਿ-ਧਾਰਾ ਨਾਲ ਸੰਬੰਧਿਤ ਕਵੀਆਂ ਦੀ ਪ੍ਰਾਪਤੀ ਹੀ ਇਸ

ਗੱਲ ਵਿਚ ਹੈ ਕਿ ਇਨ੍ਹਾਂ ਕਵੀਆਂ ਨੇ ਆਪਣੀ ਚੇਤਨ ਬੁੱਧੀ ਅਨੁਸਾਰ ਕਾਵਿ-ਸਿਰਜਣਾ ਦੇ ਖੇਤਰ ਵਿਚ ਲੋਕਾਂ ਨੂੰ ਜਿਸ ਰੂਪ ਵਿਚ ਜਾਗਰੂਕ ਕੀਤਾ ਅਤੇ ਆਪਣੇ ਸਾਂਸਕ੍ਰਿਤਕ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ ਸਥਾਪਤੀ ਵਿਰੁੱਧ ਖੜ੍ਹੇ ਕਰਨ ਵਿਚ ਜੋ ਰੋਹ ਕੇ ਵਿਦਰੋਹ ਦਾ ਜ਼ਜਬਾ ਪੈਦਾ ਕੀਤਾ ਹੈ, ਉਸ ਨੂੰ ਜੁਝਾਰੂ ਮੁਹਾਵਰੇ ਅਧੀਨ ਹੀ ਸਮਝਾਇਆ ਜਾ ਸਕਦਾ ਹੈ। ਉਸ ਨੂੰ ਹੋਰ ਕੋਈ ਨਾਮ ਦੇਣੀ ਢੁਕਵਾਂ ਨਹੀਂ ਜਾਪਦਾ। ਹਾਂ ਇਹ ਠੀਕ ਹੈ ਕਿ ਸਮੁੱਚੀ ਜੁਝਾਰ ਕਾਵਿਧਾਰਾ ਪ੍ਰਗਤੀਵਾਦੀ ਵਿਚਾਰਧਾਰਾ ਦੀ ਹਾਮੀ ਰਹੀ ਹੈ।

ਪੇਂਡੂ ਮੱਧ ਸ਼੍ਰੇਣੀ ਦੇ ਜੀਵਨ ਦਾ ਅਤਿ ਨੇੜੇ ਦਾ ਅਨੁਭਵ, ਨਕਸਲਬਾੜੀ ਲਹਿਰ ਤੋਂ ਪ੍ਰਾਪਤ ਸਿਆਸੀ ਸੂਝ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਮਿਆਨ ਕਾਰਣ ਇਹ ਕਵੀ ਪੇਂਡੂ ਜੀਵਨ ਵਿਚਲੇ ਕਿਸਾਨੀ ਅਤੇ ਕਾਮੇ ਵਰਗ ਦਾ ਤ੍ਰਾਸਦਿਕ ਜੀਵਨ ਚਿਤਰਣ ਵਿਚ ਬੜੇ ਸਫ਼ਲ ਰਹੇ ਹਨ ਪਰ ਸਾਮੰਤਵਾਦੀ ਕਦਰਾਂ ਕੀਮਤਾਂ ਦੇ ਪੂੰਜੀਵਾਦੀ ਕਦਰਾਂ ਕੀਮਤਾਂ ਵਿਚ ਵਟਣ ਨੂੰ ਇਹ ਕਵੀ ਸਮਝਣ ਤੋਂ ਅਸਮਰੱਥ ਰਹੇ ਹਨ, ਜਿਹੜੀ ਇੰਨ੍ਹਾ ਦੀ ਬੜੀ ਵੱਡੀ ਘਾਟ ਰਹੀ ਹੈ। ਇਨ੍ਹਾਂ ਕਵੀਆਂ ਨੇ ਹਮੇਸ਼ਾ ਹੀ ਨਿਮਾਣੇ ਅਤੇ ਨਿਤਾਣੇ ਲੋਕਾਂ ਦੀ ਗੱਲ ਕਹੀ ਅਤੇ ਰਾਜਨੀਤਕ ਵਿਵਸਥਾ ਨੂੰ ਹੀ ਇਸ ਦਾ ਇੱਕੋ ਇਕ ਕਾਰਣ ਸਮਝਦੇ ਰਹੇ। "...ਇਸ ਦੇ ਰਚਨਹਾਰਾਂ ਨੇ ਮਾਰਕਸੀ ਵਿਚਾਰਧਾਰਾ ਦੇ ਦਾਰਸ਼ਨਿਕ ਅਰਥ-ਸ਼ਾਸ਼ਤਰੀ ਤੇ ਮਨੋਵਿਗਿਆਨਕ ਪੱਖਾਂ ਨਾਲੋਂ ਆਪਣੀ ਵਧੇਰੇ ਸਾਂਝ ਰਾਜਨੀਤਕ ਨੇਮਾਵਲੀ ਨਾਲ ਪਾਈ ਹੈ। ਇਸ ਨੇਮਾਵਲੀ ਦੇ ਮੂਲ ਪ੍ਰਵਰਗ ਹਨ: ਮਾਨਵ, ਇਤਿਹਾਸ, ਸਮਾਜ, ਰਾਜਸੱਤਾ, ਲੁੱਟ, ਸ਼੍ਰੇਣੀ (ਕਿਰਤੀ, ਜਾਗੀਰਦਾਰ, ਪੂੰਜੀਦਾਰ), ਲੋਕਰਾਜ, ਸਮਾਜਵਾਦ ਤੇ ਸਾਮਵਾਦ...।"[8] ਇਹ ਕਾਵਿ-ਧਾਰਾ ਵੀ ਪ੍ਰਯੋਗਵਾਦੀ/ਆਧੁਨਿਕ ਕਾਵਿਧਾਰਾ ਵਾਂਗ ਯਥਾਰਥ ਦੀ ਸਮੁੱਚੀ ਇਤਿਹਾਸਕ, ਸਾਂਸਕ੍ਰਿਤਕ ਰੂਪਾਂਤਰਣ ਦੀ ਪ੍ਰਕ੍ਰਿਆ ਨੂੰ ਉਸ ਦੀ ਸੰਪੂਰਣਤਾ, ਸਮੁੱਚਤ; ਅਤੇ ਜਟਿਲਤਾ ਵਿਚ ਗ੍ਰਹਿਣ ਕਰਨ ਦੀ ਥਾਂ ਉਸ ਦੇ ਆਂਸ਼ਕ ਬੋਧ ਤਕ ਹੀ ਸੀਮਿਤ ਰਹੀ। ਇਸੇ ਕਾਰਣ ਇਸੇ ਕਾਵਿਧਾਰਾ ਵਿਚ ਯਥਾਰਥ ਦਾ ਅਤਿ ਰਾਜਸੀਕਰਣ ਕੀਤਾ ਗਿਆ ਅਤੇ ਰਾਜਨੀਤੀ ਨੂੰ ਹੀ ਯਥਾਰਥ ਦਾ ਇੱਕੋ ਇਕ ਰੂਪ ਸਵੀਕਾਰ ਕਰ ਲਿਆ ਗਿਆ...।"[9]

ਜਿਉਂਦਾ ਸਾਹਿਤ ਹੀ ਉਸ ਨੂੰ ਮੰਨਿਆ ਜਾਂਦਾ ਹੈ, ਜਿਹੜਾ ਸਮਾਜ ਨੂੰ ਬਦਲਣ ਲਈ ਸਹਾਈ ਹੁੰਦਾ ਹੈ। ਸਮਾਜ ਦੀ ਸੇਵਾ ਹੀ ਉਸ ਦਾ ਅਸਲੀ ਰੂਪ ਹੈ। ਮਾਰਕਸਵਾਦੀ ਵਿਚਾਰਧਾਰਾ ਦਾ ਇਹ ਪ੍ਰਧਾਨ ਖ਼ਾਸਾ ਰਿਹਾ ਹੈ ਕਿ ਇਹ ਹਮੇਸ਼ਾ ਹੀ ਦੱਬੇ ਕੁਚਲੇ ਲੋਕਾਂ ਦਾ ਇਕ ਸ਼ਕਤੀਸ਼ਾਲੀ ਵਿਚਾਰਧਾਰਕ ਹਥਿਆਰ ਰਹੀ ਹੈ। ਜੁਝਾਰ ਕਾਵਿਧਾਰਾ ਦਾ ਅਨੁਭਵ ਧਰਾਤਲ ਸਮਕਾਲੀ ਯਥਾਰਥ ਦੇ ਵਿਰੋਧ ਵਿਕਾਸੀ ਸੁਭਾਉ ਦੀ ਇਤਿਹਾਸਕ ਚੇਤਨਾ ਹੈ। "ਮਾਰਕਸੀ ਵਿਚਾਰਧਾਰਾ ਦੇ ਅਨੁਗਾਮੀ ਕਵੀ ਪਾਰਟੀ ਦੇ ਸਮਰਥਕ ਤੇ ਕਿਰਤੀ ਕਿਸਾਨਾਂ ਦੇ ਹਮਦਰਦ ਹੋ ਕੇ ਵੀ ਆਪਣੀ ਮੱਧ ਵਰਗੀ ਤੇ ਪੈਟੀ ਬੁਰਜੂਆ ਚਰਿੱਤਰ ਨੂੰ ਤਿਆਗ ਨਹੀਂ ਸਕੇ... ।"[10] ਵਿਚਾਰ ਕਰਨੀ ਵਿਚ ਪ੍ਰਗਟ ਹੋਣਾ ਚਾਹੀਦਾ ਹੈ, ਕਥਨੀ ਵਿਚ ਨਹੀਂ। "ਆਪਣੇ ਆਪ ਵਿਚ ਸਿੱਧਾਂਤ ਯਥਾਰਥ ਨੂੰ ਤਬਦੀਲ ਕਰਨੋਂ ਅਸਮਰਥ ਹੈ ਅਤੇ ਇਹ ਗੱਲ ਇਸ ਨੂੰ ਅਮਲ ਤੋਂ ਵਖਰਿਆਂਉਦੀ ਹੈ। ਅਮਲ ਤੋਂ ਬਿਨਾਂ ਸਿੱਧਾਂਤ ਬੇਅਰਥ ਹੈ, ਸਿੱਧਾਂਤ ਤੋਂ ਬਿਨਾ ਅਮਲ ਅੰਨ੍ਹਾ ਹੈ।"[11] ਜੁਝਾਰ ਕਾਵਿ-ਧਾਰਾ ਦਾ ਕਵੀਆਂ ਨੇ ਪੇਂਡੂ ਜੀਵਨ ਵਿਚ ਵਿਚਰਦਿਆਂ ਜੋ ਕੁੱਝ ਅਨੁਭਵ ਕੀਤਾ। ਉਸ ਨੂੰ ਹੀ ਆਪਣੀਆਂ ਕਾਵਿ-ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਪੰਜਾਬ ਦੀ ਧਰਤੀ ਰਣ-ਖੇਤਰ ਦੇ ਪ੍ਰੇਮੀਆਂ ਦਾ ਅਖਾੜਾ ਹੋਣ ਕਰਕੇ ਇਸ ਵਿਚ ਡੁੱਲੇ ਹੋਏ ਸੂਰਬੀਰਾਂ ਤੇ ਬਹਾਦਰਾਂ ਦੇ ਖ਼ੂਨ ਦੀ ਮਹਿਕ ਹਮੇਸ਼ਾ ਹੀ ਆਉਂਦੀ ਰਹੇਗੀ। ਪੰਜਾਬ ਦੀ ਧਰਤੀ ਉੱਤੇ ਵੱਖ-ਵੱਖ ਲਹਿਰਾਂ (ਧਾਰਮਿਕ, ਰਾਜਨਿਤਕ, ਆਰਥਿਕ, ਸਮਾਜਿਕ ਆਦਿ) ਦਾ ਪੈਦਾ ਹੋਣਾ ਅਤੇ ਬਿਨਾਂ ਕਿਸੇ ਡਰ ਦੇ ਸੂਰਬੀਰਾਂ ਦਾ ਇਨ੍ਹਾਂ ਵਿਚ ਕੁੱਦ ਕੇ ਸ਼ਹਾਦਤ ਦਾ ਜਾਮ ਪੀ ਲੈਣਾ, ਇਸ ਦੇ ਮਾਣ ਅਤੇ ਗੋਰਵ ਵਾਲੀ ਗੱਲ ਹੈ, ਇੱਥੇ ਰਚਿਆ ਗਿਆ ਹਰ ਸਮੇਂ ਦਾ ਸਾਹਿਤ ਆਪਣੇ ਵਿਚ ਪਿਛੋਕੜੀ ਸੋਚਾਂ ਦੇ ਵਿਰੁੱਧ ਰੋਹ ਸਮੋਈ ਬੈਠਾ ਹੈ, ਜੋ ਆਪਣੇ ਸਮੇਂ ਦੀਆਂ ਪੈਦਾ ਹੋਈਆਂ ਲਹਿਰਾਂ ਦਾ ਪ੍ਰਗਟਾਅ ਕਰਦਾ ਹੈ। ਲੇਖਕ ਸਮਾਜ ਦਾ ਅੰਗ ਹੋਣ ਕਰਕੇ ਇਸ ਵਿਚ ਵਾਪਰ ਰਹੇ ਵਰਤਾਰਿਆਂ ਤੋਂ ਅਣਭਿੱਜ ਨਹੀਂ ਰਹਿ ਸਕਦਾ, ਉਨ੍ਹਾਂ ਦਾ ਉਸ ਉੱਤੇ ਅਸਰ ਹੋਣਾ ਲਾਜ਼ਮੀ ਹੈ। ਉਹ ਤਾਂ ਸਮੂਹ ਲੋਕਾਂ ਦੇ ਦੁੱਖਾਂ-ਦਰਦਾਂ ਦਾ ਸਾਂਝੀ ਬਣ ਕੇ ਧੁਰ ਅੰਦਰ ਤੀਕ ਉਤਰ ਜਾਣਾ ਚਾਹੁੰਦਾ ਹੈ। ਲੇਖਕ ਦੀ 'ਕਲਮ' ਹੀ ਉਸ ਦਾ ਇਕ 'ਹਥਿਆਰ' ਹੈ, ਜਿਸ ਦੀ ਉਹ ਵਰਤੋਂ ਕਰ ਕੇ ਸਮਾਜ ਵਿਚ ਫੈਲੇ ਹੋਏ ਕੋਹੜ ਅਤੇ ਗ਼ਲਤ ਕਦਰਾਂ-ਕੀਮਤਾਂ ਨੂੰ ਇੱਕੋ ਸਾਹੇ ਡੀਕ ਲਾ ਕੇ ਪੀ ਜਾਣਾ ਚਾਹੁੰਦਾ ਹੈ। ਏਸੇ ਵਿਚ ਹੀ ਕ੍ਰਾਂਤੀਕਾਰੀ ਲੇਖਕ ਦੀ ਪ੍ਰਾਪਤੀ ਹੈ। ਧਾਰਮਿਕ ਕਵੀਆਂ ਤੋਂ ਛੁੱਟ ਇਨਕਲਾਬੀ ਕਵੀਆਂ ਦੇ ਪਾਏ ਹੋਏ ਯੋਗਦਾਨ ਤੋਂ ਇਤਿਹਾਸ ਕਦੇ ਮੁਨਕਰ ਨਹੀਂ ਹੋ ਸਕਦਾ। ਇਹ ਤਾਂ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਵਰਦਾਨ ਸਾਬਤ ਹੋਵੇਗਾ, ਜਿਸ ਤੋਂ ਸਮੇਂ ਸਮੇਂ ਸਿਰ ਲੋਕ ਅਗਵਾਈ ਲੈ ਸਕਣਗੇ।

ਹਰਭਜਨ ਹਲਵਾਰਵੀ ਮਾਰਕਸਵਾਦੀ ਵਿਚਾਰਧਾਰਾ ਪ੍ਰਤੀ ਪ੍ਰਤਿਬੱਧ ਹੋਣ ਕਰਕੇ ਹਰੇਕ ਵਰਤਾਰੇ ਨੂੰ ਦਵੰਦਾਤਮਕ ਸੰਬੰਧਾਂ ਵਜੋਂ ਲੈਂਦਾ ਹੈ। ਉਸ ਦੀ ਇਹ ਵਿਲੱਖਣ ਪ੍ਰਾਪਤੀ ਹੈ ਕਿ ਉਸ ਨੇ ਪੇਂਡੂ ਮੱਧ-ਸ਼੍ਰੇਣੀ ਦਾ ਜੀਵਨ ਯਥਾਰਥ ਵੀ ਪੇਸ਼ ਕੀਤਾ ਹੈ।

ਹਰਭਜਨ ਹਲਵਾਰਵੀ ਦਾ ਨਵੇਂ ਯੁਗ ਬੋਧ ਸਦਕਾ ਕਾਵਿ-ਸਿਰਜਣਾ ਕਰਨਾ ਵੀ ਇਸ ਦੀ ਕਾਵਿ-ਰਚਨਾ ਵਿਲੱਖਣਤਾ ਦਾ ਇਕ ਅੰਗ ਹੈ। ਉਸ ਦੀ ਕਾਵਿ-ਰਚਨਾ ਵਿਚ ਤਿੰਨ ਤਰ੍ਹਾਂ ਦੀਆਂ ਕਾਵਿ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪਹਿਲੀ ਪ੍ਰਵਿਰਤੀ ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਵਾਲੀ ਹੈ, ਜਿਸ ਵਿਚ ਰੋਮਾਂਟਿਕ ਸੁਰ ਭਾਰੂ ਹੈ। ਦੂਜੀ ਪ੍ਰਵਿਰਤੀ ਜੁਝਾਰ ਕਾਵਿ-ਧਾਰਾ ਵਾਲੀ ਹੈ, ਜਿਸ ਵਿਚ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਰਚੀ ਗਈ ਕ੍ਰਾਂਤੀਕਾਰੀ ਕਵਿਤਾ ਆਉਂਦੀ ਹੈ ਤੀਜੀ ਪ੍ਰਵਿਰਤੀ ਵਿਚ ਉਤਰ-ਜੁਝਾਰਵਾਦੀ ਕਵਿਤਾ ਦੀ ਸੁਰ ਭਾਰੂ ਹੈ। ਇਸ ਵਿਚ ਹਲਵਾਰਵੀ ਨੇ ਮੌਜੂਦਾ ਸਮੇਂ ਦੀ ਭਰਾ ਮਾਰੂ-ਜੰਗ ਦਾ ਵਰਣਨ ਬੜੀ ਸ਼ਿੱਦਤ ਨਾਲ ਕੀਤਾ ਹੈ। ਹਲਵਾਰਵੀ ਦਾ ਪ੍ਰਗਤੀਵਾਦੀ ਸਿੱਧਾਂਤ ਨਾਲ ਜੁੜਨਾ ਅਤੇ ਇਸ ਨੂੰ ਜੀਵਨ ਦ੍ਰਿਸ਼ਟੀ ਵਜੋਂ ਸਵੀਕਾਰ ਕਰਕੇ ਸਮਕਾਲੀ ਯਥਾਰਥ ਦੇ ਹਰ ਨਿੱਕੇ ਤੋਂ ਨਿੱਕੇ ਵੇਰਵੇ ਨੂੰ ਇਸ ਦ੍ਰਿਸ਼ਟੀ ਤੋਂ ਕਾਵਿ-ਅਨੁਭਵ ਦਾ ਅੰਗ ਬਣਾਉਣਾ ਇਸ ਦੀ ਪ੍ਰਾਪਤੀ ਵੀ ਹੈ ਅਤੇ ਵਿਲੱਖਣ ਵਿਸ਼ੇਸ਼ਤਾ ਵੀ।

ਹਰਭਜਨ ਹਲਵਾਰਵੀ ਨੇ ਜਿੱਥੇ ਸਮਾਜਿਕ, ਆਰਥਿਕ, ਰਾਜਨੀਤਕ ਅਨਿਆ ਦੇ ਵਿਰੁੱਧ ਅਤੇ ਵਿਦਰੋਹ ਵਜੋਂ ਆਵਾਜ਼ ਬੁਲੰਦ ਕੀਤੀ ਹੈ। ਉੱਥੇ ਬੁਰਜੁਆ ਸੁਹਜ-ਸ਼ਾਸਤਰ ਨੂੰ ਵੀ ਕਰੜੇ ਹੱਥੀਂ ਲਿਆ ਹੈ। ਹਲਵਾਰਵੀ ਸਿਰਜਣਾਤਮਿਕ ਖੇਤਰ ਵੱਲ ਵਧੇਰੇ ਚੇਤਨ ਪ੍ਰਤੀਤ ਹੁੰਦਾ ਹੈ। ਰਾਜਨੀਤਕ, ਆਰਥਿਕ, ਸਮਾਜਿਕ ਲੁੱਟ-ਖਸੁੱਟ ਵਿਰੁੱਧ ਅਤੇ ਸਿਰਜਣਾਤਮਿਕ ਖੇਤਰ ਵਿਚ ਉਸ ਨੇ ਆਪਣੇ ਸਮਕਾਲੀ ਵਿਚਾਰਧਾਰਕ ਵਿਰੋਧੀਆਂ ਨਾਲ ਗੰਭੀਰ ਸੰਵਾਦ ਛੇੜਿਆ ਅਤੇ ਦੋਹਾਂ ਖੇਤਰਾਂ ਵਿਚ ਨਵੇਂ ਪ੍ਰਤਿਮਾਨ ਸਿਰਜਣ ਲਈ ਮਹੱਤਵਪੂਰਨ ਵਿਚਾਰਧਾਰਕ ਭੂਮਿਕਾ ਨਿਭਾਈ ਹੈ। ਇਸ ਪੱਖੋਂ ਉਸਦੀ ਇਕ ਗ਼ਜ਼ਲ ਉਦਾਹਰਣ ਵਜੋਂ ਪ੍ਰਸਤੁਤ ਹੈ:

ਦੰਭੀ ਸ਼ਪਦਾਂ ਦੇ ਰੌਲੇ ਨੂੰ
ਹਰ ਵਕਤ ਨਾ ਮਨ 'ਤੇ ਜਰਿਆ ਕਰ।
ਇਹਨਾਂ ਦੇ ਗੰਧਲੇ ਪਾਣੀ ਤੋਂ
ਕੋਈ ਰੋਜ਼ ਕਿਨਾਰਾ ਕਰਿਆ ਕਰ।
ਇਹ ਫੋਕੀ ਚਮਕ-ਦਮਕ ਵਾਲੇ
ਰਿਸ਼ਤੇ ਰੂਹ ਨੂੰ ਖਾ ਜਾਵਣਗੇ,
ਛੱਡ ਕੇ ਓਪਰੀਆਂ ਛਾਵਾਂ ਨੂੰ
ਆਪਣੀ ਧੁੱਪ ਸੰਗ ਵਿਚਰਿਆ ਕਰ। ...
ਚਾਹ ਪਾਣੀ ਤੋਂ ਲੈ ਜਿਸਮਾਂ ਤੱਕ
ਹੁਣ ਕੋਈ ਝੂਠ ਨਹੀਂ ਗਿਣਦਾ,
ਰਚਨਾ ਵਿਚ ਖੋਟ ਨਾ ਰਲ ਜਾਵੇ
ਬਸ ਏਸੇ ਗੱਲ ਤੋਂ ਡਰਿਆ ਕਰ।
ਏਧਰ ਹਾਲੇ ਵੀ ਫੁੱਲ ਖਿੜਦੇ
ਹਾਲੇ ਵੀ ਮਹਿਕ ਬਥੇਰੀ ਏ,
ਜਦ ਸਾਫ਼ ਹਵਾ ਨੂੰ ਦਿਲ ਤਰਸੇ
ਇਸ ਜੰਗਲ ਵੱਲ ਮੂੰਹ ਕਰਿਆ ਕਰ।
(ਸਿਰਜਣਾ, ਜਨਵਰੀ-ਮਾਰਚ 1987, ਪੰਨਾ 14)

ਹਰਭਜਨ ਹਲਵਾਰਵੀ ਨੇ ਮਨੁੱਖੀ ਮਨ ਦੀਆਂ ਧੁਰ ਤਹਿਆਂ ਤਕ ਪੁੱਜਣ ਦਾ ਯਤਨ ਕੀਤਾ ਹੈ। ਉਸ ਨੇ ਤ੍ਰਾਸਦਿਕ ਜੀਵਨ ਬਤੀਤ ਕਰਦੀ ਲੋਕਾਈ ਦੇ ਦੁੱਖਾਂ-ਦਰਦਾਂ ਨੂੰ ਅਨੁਭਵ ਕਰਦੇ ਹੋਏ, ਆਪਣੀ ਕਾਵਿ-ਰਚਨਾ ਦਾ ਵਸਤੂ ਬਣਾਇਆ ਹੈ ਅਤੇ ਨਰਕ ਭੋਗਦੀ ਲੋਕਾਈ ਦਾ ਮਨੋ-ਵਿਗਿਆਨਕ ਚਿੱਤਰ ਵੀ ਪੇਸ਼ ਕੀਤਾ ਹੈ, ਜਿਹੜਾ ਕਵੀ ਦੀ ਸੂਝ, ਸਮਝ ਅਤੇ ਪਕਿਆਈ ਦਾ ਸਿੱਟਾ ਹੈ। ਹਲਵਾਰਵੀ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਸੁਚੇਤ ਪੱਧਰ ਉੱਤੇ ਲੈਂਦਾ ਹੋਇਆ ਉਸ ਨੂੰ ਆਪਣੇ ਕਾਵਿ ਦੀ ਕੁਠਾਲੀ ਵਿਚ ਢਾਲਦਾ ਹੈ ਉਸ ਦੀ ਕਵਿਤਾ 'ਸੁਪਨੇ' ਇਸ ਪੱਖੋਂ ਬਹੁਤ ਢੁਕਵੀਂ ਹੈ। ਜਿਸ ਵਿਚ ਉਸ ਦੇ ਬੁਰਜੁਆ ਸ਼੍ਰੇਣੀ ਦੁਆਰਾ ਕੀਤੀ ਜਾਂਦੀ ਲੁੱਟ-ਖਸੁੱਟ ਅਤੇ ਜ਼ੁਲਮ ਦਾ ਕਿਰਦਾਰ ਨੰਗਾ ਕੀਤਾ ਹੈ:

ਸੁਪਨੇ ਹਰ ਥਾਂ ਆਉਂਦੇ ਨੇ
ਪਿੰਡੇ ਤੇ ਸੂਰਜ ਦੀਆਂ ਕਿਰਨਾ ਪੈਣ
ਜਾਂ ਜ਼ਾਲਮ ਲਾਠੀਆਂ ਦੀਆਂ ਲਾਸਾਂ।
ਢਿੱਡ ਵਿਚ ਮੱਕੀ ਦੀ ਰੋਟੀ, ਸਾਗ
ਤੇ ਔਲਿਆਂ ਦਾ ਆਚਾਰ ਹੋਵੇ
ਜਾਂ ਰੇਤ ਮਿਲਿਆ ਅੰਨ
ਤੇ ਰੋੜਾਂ ਵਾਲੀ ਦਾਲ।
... ... ...
ਛਪਦੀ ਦੁਪਿਹਰ ਹੋਵੇ
ਜਾਂ ਕੱਕਰੀ ਰਾਤ।
ਰੁਮਕਦੀ ਪੌਣ ਹੋਵੇ
ਜਾਂ ਬੰਦ ਕੋਠੜੀ ਦਾ ਹੁੰਮਸ।
ਹੱਥ ਵਿਚ ਕਲਮ ਹੋਵੇ
ਜਾਂ ਹੱਥਕੜੀ ਦਾ ਛੱਲਾ।
(ਪੌਣ ਉਦਾਸ ਹੈ, ਪੰਨਾ 17)

ਸਾਹਿਤਕਾਰ ਸਮਾਜ ਲਈ ਇਕ ਚਿਰਾਗ਼ ਹੈ, ਜੋ ਸਮੂਹ ਲੋਕਾਈ ਉੱਤੇ ਬਣੀਆਂ ਹੋਈਆਂ ਕਾਲੀਆਂ ਬੋਲੀਆਂ ਰਾਤਾਂ ਦੇ ਸਾਹਮਣੇ ਆਪਣੇ ਆਪ ਨੂੰ ਬਾਲ ਕੇ ਚਾਨਣ ਬਖੇਰਦਾ ਹੈ ਅਤੇ ਲੋਕ-ਹਿੱਤਾਂ ਦੀ ਰਾਖੀ ਲਈ ਆਵਾਜ਼ ਉਠਾਉਂਦਾ ਹੈ। ਸਾਹਿਤਕਾਰ 'ਸਮਾਜ ਦਾ ਬੰਦਾ' ਤਦ ਹੀ ਬਣਦਾ ਹੈ, ਜੇ ਉਹ ਆਪਣੇ ਦੁੱਖਾਂ-ਸੁੱਖਾਂ ਤੋਂ ਉੱਚਾ ਉਠ ਕੇ ਸਰਵ-ਮਾਨਵਤਾ ਵਿਚ ਅਭੇਦ ਹੋ ਜਾਵੇ। ਨਿੱਜੀ ਦੁੱਖਾਂ ਨੂੰ ਸਰਵ-ਮਾਨਵਤਾ ਵਿਚ ਅਭੇਦ ਕਰਨਾ ਹੀ ਅਮਰ ਸਾਹਿਤ ਨੂੰ ਜਨਮ ਦੇਣਾ ਹੈ। ਇਸ ਤਰ੍ਹਾਂ ਕ੍ਰਾਂਤੀਕਾਰੀ ਸਾਹਿਤਕਾਰ ਦਾ ਮਾਨਵਵਾਦੀ ਹੋਣਾ ਉਸ ਦਾ ਸਭ ਤੋਂ ਵੱਡਾ ਕਰਮ ਹੈ। ਹਰਭਜਨ ਹਲਵਾਰਵੀ ਦੀ ਦੇਣ ਇਸ ਪੱਖੋਂ ਸ਼ਲਾਘਾਯੋਗ ਹੈ। ਉਹ ਆਪਣੇ ਨਿੱਜੀ ਦੁੱਖਾਂ ਤੋਂ ਉਪਰ ਉਠ ਕੇ ਸਮੂਹ ਲੋਕਾਈ ਦੇ ਦੁੱਖਾਂ ਵਿਚ ਅਭੇਦ ਹੋਇਆ ਜਾਪਦਾ ਹੈ ਅਤੇ ਉਸ ਦੀ ਸਾਮੂਹਿਕਤਾ ਤਕ ਹੀ ਪਹੁੰਚ ਇਕ ਵਿਲੱਖਣ ਪ੍ਰਾਪਤੀ ਹੈ। ਹਰਭਜਨ ਹਲਵਾਰਵੀ ਦੀ ਕਵਿਤਾ 'ਮਿੱਟੀ ਦੀ ਖੈਰ' ਅਤੇ ਇਕ ਗ਼ਜਲ ਵਿਚ ਉਸ ਦੇ ਮਾਨਵਵਾਦੀ ਹੋਣ ਦਾ ਪ੍ਰਮਾਣ ਮਿਲਦਾ ਹੈ:

ਇਕ ਰਾਹ ਦਾ ਪੰਧ ਜਾਂ ਖ਼ਤਮ ਹੁੰਦਾ,
ਅਗਲੇ ਰਾਹ ਦਾ ਸਫ਼ਰ ਬੁਲਾਏ ਮੈਨੂੰ।
ਮੋਹ ਮੰਜ਼ਿਲ ਦਾ ਸਜਰੇ ਸਾਹ ਬਖ਼ਸ਼ੇ,
ਤਪਦੀ ਵਾਟ ਜਿਸ ਘੜੀ ਥਕਾਏ ਮੈਨੂੰ।
ਥੱਕੇ ਪੈਰਾਂ ਨੂੰ ਮਿੱਟੀ ਪਲੋਸਦੀ ਹੈ,
ਇਨ੍ਹਾਂ ਰਾਹਾਂ ਤੋਂ ਜਦੋਂ ਮੈ ਲੰਘਦਾ ਹਾਂ।
ਝੋਲੀ ਵਿਚ ਪਾ ਸਫ਼ਰ ਦੇ ਦੁੱਖ ਸਾਰੇ,
ਏਸ ਮਿੱਟੀ ਦੀ ਖੈਰ ਮੈਂ ਮੰਗਦਾ ਹਾਂ।
(ਪੌਣ ਉਦਾਸ ਹੈ, ਪੰਨਾ 27)
ਏਸ ਧਰਤੀ ਦਾ ਹਰ ਕਣ ਜਾਨ ਤੋਂ ਪਿਆਰਾ ਸਾਨੂੰ
ਹੋਰ ਨਾ ਏਸ ਦੀ ਹੁਣ ਮਿੱਟੀ ਖ਼ਰਾਬ ਹੋਵੇ।
ਹੋਰ ਨਾਂ ਜ਼ਖਮ ਲੱਗਣ ਹੋਰ ਨਾ ਲਹੂ ਡੁੱਲੇ,
ਪਹਿਰਾ ਸੁਖ ਸ਼ਾਂਤੀ ਦਾ ਆਪਣੇ ਪੰਜਾਬ ਹੋਵੇ।
(ਸਿਰਜਣਾ: ਜਨਵਰੀ-ਮਾਰਚ 1987, ਪੰਨਾ 13)

ਹਰਭਜਨ ਹਲਵਾਰਵੀ ਦੀ ਕਾਵਿਕ ਵਿਲੱਖਣਤਾ ਇਸ ਪੱਖੋਂ ਵੀ ਹੈ ਕਿ ਕਵੀ ਨੂੰ ਥੋੜੇ ਵਿਚ ਬਹੁਤਾ ਕਹਿਣ ਦਾ ਵੱਲ ਹੈ। ਇਹ ਵੀ ਉਸ ਦੀ ਇਕ ਵੱਡੀ ਖ਼ੂਬੀ ਹੈ। ਇਹ ਕਵਿਤਾ ਦੇ ਖਿਲਾਰ ਦੀ ਥਾਂ

ਇਸ ਦੇ ਪ੍ਰਭਾਵ ਨੂੰ ਬਣਾਈ ਰੱਖਦਾ ਹੈ, ਜਦੋਂ ਕਿ ਬਹੁਤੇ ਜੁਝਾਰਵਾਦੀ ਕਵੀਆਂ ਵਿਚ ਅਜਿਹਾ ਪ੍ਰਭਾਵ ਬਣਾਈ ਰੱਖਣ ਦੀ ਰੁਚੀ ਘੱਟ ਹੀ ਦੇਖਣ ਨੂੰ ਮਿਲਦੀ ਹੈ। ਭਾਵੇਂ ਹਲਵਾਰਵੀ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਵੀ ਕਈ ਵਾਰ ਪ੍ਰਭਾਵ ਨਹੀਂ ਬੱਝਦਾ, ਪਰ ਬਹੁਤੀ ਚੰਗਿਆਈ ਦੀ ਥਾਂ ਬੁਰਾਈ ਦਾ ਘੱਟ ਹੀ ਪਤਾ ਲਗਦਾ ਹੈ। ਨਿਰੋਲ ਸਿੱਧੀਆਂ ਸਾਦੀਆਂ ਗੱਲਾਂ ਵਿੱਚੋਂ ਕਾਵਿ ਮਹਾਨਤਾ ਪੈਦਾ ਨਹੀਂ ਹੋ ਸਕਦੀ। ਏਹੀ ਗੱਲ ਕਵੀ ਨੂੰ 'ਨਾਹਰੇ' ਜਾਂ 'ਪ੍ਰਚਾਰ' ਦੇ ਦੋਸ਼ਾਂ ਤੋਂ ਬਚਾਉਂਦੀ ਹੈ। ਹਲਵਾਰਵੀ ਨੇ ਡੂੰਘਾਈ ਵਿਚ ਜਾ ਕੇ ਕਾਵਿ-ਸਿਰਜਣਾ ਕੀਤੀ ਹੈ। ਕਵੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਬੁੱਧੀ ਦਾ ਭਾਰੂ ਅੰਸ਼ ਵੀ ਦੇਖਿਆ ਜਾ ਸਕਦਾ ਹੈ। ਪਰ ਜਦੋਂ ਡੂੰਘੇ ਅਧਿਐਨ ਤੋਂ ਸਾਡੇ ਅੰਦਰ ਅਜੀਬ ਕਿਸਮ ਦੀ ਥਰਥਰਾਹਟ ਜਿਹੀ ਪੈਦਾ ਹੁੰਦੀ ਹੈ, ਜਿਹੜੀ ਕਿ ਸਾਡੀ ਚੇਤਨਾ ਨੂੰ ਝੰਜੋੜ ਕੇ ਰੱਖ ਦੇਂਦੀ ਹੈ ਅਤੇ ਬਦਲਾ ਲੈਣ ਦੀ ਭਾਵਨਾ ਸਾਡੇ ਅੰਦਰ ਪੈਦਾ ਕਰਦੀ ਹੈ।

## ਟਿੱਪਣੀਆਂ ਅਤੇ ਹਵਾਲੇ


1. ਰਸੂਲ ਹਮਜ਼ਾਤੋਵ, ਮੇਰਾ ਦਾਗ਼ਿਸਤਾਨ, ਪ੍ਰਗਤੀ ਪ੍ਰਕਾਸ਼ਨ, ਮਾਸਕੋ, ਪੰਨਾ 18.
2. ਨਰਭਿੰਦਰ (ਸੰਪਾ.), ਯੁੱਗ ਕਵੀ ਪਾਸ਼ ਇੱਕ ਅਧਿਐਨ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, ਪਟਿਆਲਾ, ਪੰਨਾ 59.
3. ਜੱਗੀ, ਰਤਨ ਸਿੰਘ (ਸੰਪਾ.), ਖੋਜ ਪੱਤ੍ਰਿਕਾ, ਅੰਕ 22, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 59.
4. ਰਘਬੀਰ ਸਿੰਘ (ਸੰਪਾ.), ਪੰਜਾਬੀ ਸਾਹਿਤ ਸਰਵੇਖਣ (1971-80), ਕੇਂਦਰੀ ਪੰਜਾਬੀ ਲੇਖਕ ਸਭਾ, 1728, ਸੈਕਟਰ 43-ਬੀ, ਚੰਡੀਗੜ੍ਹ, ਪੰਨਾ 33.
5. ਕੇਸਰ, ਕੇਸਰ ਸਿੰਘ, ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਆਕੀ ਪ੍ਰਕਾਸ਼ਨ, 2550/40-ਸੀ, ਚੰਡੀਗੜ੍ਹ, ਪੰਨਾ 97.
6. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 228.
7. ਰਵੀ, ਰਵਿੰਦਰ ਸਿੰਘ, ਵਿਰਸਾ ਤੇ ਵਰਤਮਾਨ, ਪੰਜਾਬ ਪ੍ਰਕਸ਼ਨ, ਚੰਡੀਗੜ੍ਹ, ਪੰਨਾ 118.
8. ਕੇਸਰ, ਕੇਸਰ ਸਿੰਘ, ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਪੰਨਾ 95.
9. ਰਵੀ, ਰਵਿੰਦਰ ਸਿੰਘ, ਵਿਰਸਾ ਤੇ ਵਰਤਮਾਨ, ਪੰਨਾ 126.
10. ਕੇਸਰ, ਕੇਸਰ ਸਿੰਘ, ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਪੰਨਾ 97.
11. ਵਿ.ਗ੍ਰਿ. ਅਫ਼ਨਾਸੀਏਵ, ਦਾਰਸ਼ਨਿਕ ਗਿਆਨ ਦੇ ਮੁੱਢਲੇ ਨਿਯਮ, ਪ੍ਰਗਤੀ ਪ੍ਰਕਾਸ਼ਨ, ਮਾਸਕੋ, ਪੰਨਾ 178.
12. ਰਵੀ, ਰਵਿੰਦਰ ਸਿੰਘ, ਵਿਰਸਾ ਤੇ ਵਰਤਮਾਨ, ਪੰਨਾ 122.
13. ਗੁਰਬਚਨ, ਚਿਹਨ, ਸਰੰਚਨਾ ਤੇ ਮਾਰਕਸਵਾਦ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 111.
14. ਨਰਭਿੰਦਰ (ਸੰਪਾ.), ਯੁੱਗ ਕਵੀ ਪਾਸ਼ ਇੱਕ ਅਧਿਐਨ, ਪੰਨਾ 13.